62

# ਉਂਘਲਾਏ ਹੋਏ ਚੇਲੇ

## (20:6-12)

ਲੂਕਾ ਦੀ ਇੰਜੀਲ ਅਤੇ ਰਸੂਲਾਂ ਦੇ ਕੰਮ ਕਿਤਾਬ ਸ਼ਾਇਦ ਰਸੂਲਾਂ ਦੇ ਕੰਮ 20 ਵਿਚ ਦਰਜ ਪੌਲੁਸ ਦੇ ਤ੍ਰੋਆਸ ਵਿਚ ਜਾਣ ਤੋਂ ਕੁਝ ਹੀ ਸਾਲ ਬਾਅਦ ਲਿਖੀਆਂ ਗਈਆਂ ਸਨ। ਦੋਵੇਂ ਕਿਤਾਬਾਂ ਲਿਖੇ ਜਾਣ ਦੇ ਕੁਝ ਹੀ ਦੇਰ ਬਾਅਦ ਲੂਕਾ ਅਤੇ ਰਸੂਲਾਂ ਦੇ ਕੰਮ ਕਿਤਾਬਾਂ ਕਲੀਸੀਆਵਾਂ ਵਿਚ ਵੰਡੀਆਂ ਜਾਣ ਲੱਗੀਆਂ।[1] ਕਲਪਨਾ ਕਰੋ ਕਿ ਤੁਸੀਂ ਤ੍ਰੋਆਸ ਦੀ ਕਲੀਸੀਆ ਦੇ ਮੈਂਬਰ ਹੋ ਅਤੇ ਪਹਿਲੀ ਵਾਰ ਪੜ੍ਹੀਆਂ ਜਾਣ ਵਾਲੀਆਂ ਕਿਤਾਬਾਂ ਨੂੰ ਸੁਣਨ ਲਈ ਇਕੱਠੇ ਹੋਏ ਹੋ। ਪਹਿਲੀ ਕਿਤਾਬ ਪੜ੍ਹੇ ਜਾਣ ਤੇ ਤੁਸੀਂ ਯਿਸੂ ਦੇ ਜੀਵਨ ਬਾਰੇ ਸੁਣ ਕੇ ਬਾਗ-ਬਾਗ ਹੋ ਜਾਂਦੇ ਹੋ। ਫਿਰ ਦੂਜੀ ਕਿਤਾਬ ਖੋਲ੍ਹੀ ਜਾਂਦੀ ਹੈ ਅਤੇ ਤੁਸੀਂ ਕਲੀਸੀਆ ਦੇ ਕਾਇਮ ਹੋਣ ਅਤੇ ਇੰਜੀਲ ਦੇ ਫੈਲਣ ਦੇ ਵਿਰਤਾਂਤ ਨੂੰ ਸੁਣ ਕੇ ਰੋਮਾਂਚਿਤ ਹੋ ਉੱਠਦੇ ਹੋ। ਤ੍ਰੋਆਸ ਦਾ ਜ਼ਿਕਰ ਮਕਦੂਨੀਆ ਲਈ ਬੁਲਾਹਟ ਦੇ ਸਬੰਧ ਵਿਚ ਹੁੰਦਾ ਹੈ (ਰਸੂਲਾਂ ਦੇ ਕੰਮ 16:8, 11), ਪਰ ਤੁਹਾਡੀ ਤਾਂਘ ਖ਼ਾਸ ਕਰਕੇ ਉਦੋਂ ਵਧਦੀ ਹੈ ਜਦ ਲੂਕਾ ਦੇ ਇਹ ਸ਼ਬਦ ਪੜ੍ਹੇ ਜਾਂਦੇ ਹਨ:

> ਅਤੇ ਪਤੀਰੀ ਰੋਟੀ ਦੇ ਦਿਨਾਂ ਦੇ ਪਿੱਛੋਂ ਅਸੀਂ ਫ਼ਿਲਿੱਪੈ ਤੋਂ ਜਹਾਜ਼ ਉੱਤੇ ਚੜ੍ਹੇ ਅਤੇ ਪੰਜਵੇਂ ਦਿਨ ਤ੍ਰੋਆਸ ਵਿਚ ਉਨ੍ਹਾਂ ਦੇ ਕੋਲ ਪਹੁੰਚੇ ਅਰ ਸੱਤ ਦਿਨ ਉੱਥੇ ਟਿਕੇ।
>
> ਹਫ਼ਤੇ ਦੇ ਪਹਿਲੇ ਦਿਨ ਜਾਂ ਅਸੀਂ ਰੋਟੀ ਤੋੜਨ ਲਈ ਇਕੱਠੇ ਹੋਏ ਤਾਂ ਪੌਲੁਸ ਨੇ ਜੋ ਅਗਲੇ ਭਲਕ ਤੁਰ ਜਾਣ ਨੂੰ ਤਿਆਰ ਸੀ ਉਨ੍ਹਾਂ ਨੂੰ ਵਚਨ ਸੁਣਾਇਆ (20:6, 7ੳ)।

ਤੁਸੀਂ ਇਹ ਜਾਣ ਕੇ ਰੋਮਾਂਚਿਤ ਹੋ ਜਾਂਦੇ ਹੋ ਕਿ ਤ੍ਰੋਆਸ ਪਵਿੱਤਰ ਇਤਿਹਾਸ ਦਾ ਹਿੱਸਾ ਹੈ, ਪਰ ਛੇਤੀ ਹੀ ਪੜ੍ਹਨ ਵਾਲਾ ਅੱਗੇ ਪੜ੍ਹਦਾ ਹੈ:

> ਅਤੇ ਯੂਤਖੁਸ ਨਾਮੇ ਇਕ ਜੁਆਨ ਤਾਕੀ ਵਿਚ ਬੈਠਾ ਗਾੜ੍ਹੀ ਨੀਂਦ ਨਾਲ ਉਂਘਲਾਇਆ ਹੋਇਆ ਸੀ ਅਰ ਜਦੋਂ ਪੌਲੁਸ ਬਹੁਤ ਚਿਰ ਤੀਕਰ ਵਚਨ ਕਰਦਾ ਰਿਹਾ ਤਾਂ ਉਹ ਨੀਂਦਰ ਦੇ ਮਾਰੇ ਉਂਘਲਾਇਆ ਹੋਇਆ ਤਿਮੰਜ਼ਿਲੇ ਤੋਂ ਹੇਠਾਂ ਡਿੱਗ ਪਿਆ ... (ਆਇਤ 9)।

ਬੇਸ਼ੱਕ ਤੁਸੀਂ ਥੋੜ੍ਹਾ ਪਰੇਸ਼ਾਨ ਹੋਏ ਲਗਦੇ ਹੋ। ਤੁਹਾਨੂੰ ਅਹਿਸਾਸ ਹੁੰਦਾ ਹੈ ਕਿ ਇਹ ਕਹਾਣੀ ਮਸੀਹੀ ਲੋਕਾਂ ਵੱਲੋਂ ਬਾਰ-ਬਾਰ ਹਰ ਥਾਂ ਪੜ੍ਹੀ ਜਾਵੇਗੀ ਅਤੇ ਇਹ ਘਟਨਾ ਅਜਿਹੀ ਹੈ ਜਿਸ ਨਾਲ ਕੁਝ ਲੋਕ ਤ੍ਰੋਆਸ ਨੂੰ ਯਾਦ ਰੱਖਣਗੇ।

ਹੁਣ ਅਸੀਂ ਉਸ ਬੰਦਗੀ ਵਿਚ ਇਕ ਜਵਾਨ ਦੀ ਤਸਵੀਰ ਬਣਾਉਂਦੇ ਹਾਂ ਜਿਹਦਾ ਨਾਂਅ ਯੂਤਖੁਸ ਹੈ। ਕੀ ਤੁਹਾਨੂੰ ਲਗਦਾ ਹੈ ਕਿ ਜਦ ਕਹਾਣੀ ਸੁਣਾਈ ਜਾ ਰਹੀ ਸੀ ਤਾਂ ਉਹ ਬੈਠੇ-ਬੈਠੇ ਸੌਂ ਗਿਆ ਹੋਵੇਗਾ? ਭਲਾ ਉਹਦੇ ਮੂੰਹ ਦਾ ਰੰਗ ਬਦਲ ਗਿਆ ਸੀ?

ਬੇਸ਼ੱਕ ''ਕਲੀਸੀਆ ਵਿਚ''[2] ਉਂਘਲਾਉਣ ਵਾਲਿਆਂ ਵਿੱਚੋਂ ਯੂਤਖੁਸ ਪਹਿਲਾ ਨਹੀਂ ਸੀ ਅਤੇ ਯਕੀਨਨ ਹੀ ਆਖ਼ਰੀ ਵੀ ਨਹੀਂ। ਇਕ ਵਾਰ ਕਿਸੇ ਨੇ ਮਜ਼ਾਕ ਵਿਚ ਪ੍ਰਚਾਰ ਕਰਨ ਦੀ ਪਰਿਭਾਸ਼ਾ ਦਿੰਦਿਆਂ ਇਸ ਨੂੰ ''ਲੋਰੀ ਦੇਣ ਦੀ ਕਲਾ'' ਕਿਹਾ। ਯੂਤਖੁਸ ਦੀ ਇਕ ਰੂਹਾਨੀ ਸੰਤਾਨ ਨੇ ਲਿਖਿਆ ਹੈ:

> ਮੈਂ ਆਪਣੇ ਪ੍ਰਚਾਰਕ ਦੀਆਂ ਅੱਖਾਂ ਕਦੇ ਨਹੀਂ ਵੇਖੀਆਂ;
> ਉਹ ਉਨ੍ਹਾਂ ਦੀ ਰੱਬੀ ਜੋਤ ਨੂੰ ਲੁਕਾ ਲੈਂਦਾ ਹੈ;
> ਕਿਉਂਕਿ ਦੁਆ ਕਰਦਿਆਂ ਉਹ ਆਪਣੀਆਂ
> ਅਤੇ ਪ੍ਰਚਾਰ ਕਰਦਿਆਂ ਮੇਰੀਆਂ ਅੱਖਾਂ ਮੀਟ ਦਿੰਦਾ ਹੈ।

ਮੱਧ ਕਾਲ ਵਿਚ ਇਮਾਨ ਤੋਂ ਡਿੱਗਣ ਵਾਲੀ ਕਲੀਸੀਆ ਵਿਚ ਵੱਖੋ-ਵੱਖ ਕਾਰੋਬਾਰਾਂ ਲਈ ਸਰਪਰਸਤ ਸੰਤ ਹੁੰਦੇ ਸਨ:[3] ਯੂਸਫ਼ ਨੂੰ ਤਰਖਾਣਾਂ ਦਾ ਅਤੇ ਅੰਦ੍ਰਿਆਸ ਨੂੰ ਮੱਛੀ ਫੜਨ ਵਾਲਿਆਂ ਦਾ ਸਰਪਰਸਤ ਸੰਤ ਮੰਨਿਆ ਜਾਂਦਾ ਸੀ। ਕਿਸੇ ਨੇ ਸੁਝਾਅ ਦਿੱਤਾ ਹੈ ਕਿ ਯੂਤਖੁਸ ਨੂੰ ਕਲੀਸੀਆ ਵਿਚ ਉਂਘਲਾਉਣ ਵਾਲਿਆਂ ਦਾ ਸੰਤ ਹੋਣਾ ਚਾਹੀਦਾ ਹੈ।

ਪਰੇਸ਼ਾਨ ਕਰਨ ਵਾਲੀ ਇਕ ਕਹਾਣੀ ਨੂੰ ਪਵਿੱਤਰ ਆਤਮਾ ਨੇ ਨਵੇਂ ਨੇਮ ਵਿਚ ਐਨੇ ਪ੍ਰਭਾਵਸ਼ਾਲੀ ਤਰੀਕੇ ਨਾਲ ਕਿਉਂ ਪਾਇਆ? ਫੇਰ ਤੋਂ, ਮੈਂ ਜ਼ੋਰ ਦਿੰਦਾ ਹਾਂ ਕਿ ਲੂਕਾ ਨੇ ਇਹ ਬਿਰਤਾਂਤ ਯੂਤਖੁਸ ਨੂੰ ਜਾਂ ਤ੍ਰੋਆਸ ਦੀ ਮੰਡਲੀ ਨੂੰ ਪਰੇਸ਼ਾਨ ਕਰਨ ਲਈ ਨਹੀਂ ਲਿਖਿਆ ਹੋਵੇਗਾ। ਸਗੋਂ ਖ਼ੁਦਾ ਚਾਹੁੰਦਾ ਸੀ ਕਿ ਉਹ ਇਸ ਤੋਂ ਸਬਕ ਲੈਣ। ਪਿਛਲੇ ਪਾਠ ਵਿਚ ਅਸੀਂ ਮੁੱਢਲੀ ਕਲੀਸੀਆ ਵਿਚ ਪਰਿਵਾਰਕ ਮਹੌਲ ਤੇ ਇਕ ਸੰਦੇਸ਼ ਵੇਖਿਆ ਸੀ। ਇਸ ਪਾਠ ਵਿਚ ਅਸੀਂ ਪਰੇਸ਼ਾਨੀ ਖੜੀ ਕਰਨ ਵਾਲੀ ਯੂਤਖੁਸ ਦੀ ਝਪਕੀ ਵਾਲੀ ਕਹਾਣੀ ਤੋਂ ਕਈ ਸਬਕ ਵੇਖਾਂਗੇ। (ਖ਼ਬਰਦਾਰ, ਜੇ ਮੇਰੀਆਂ ਗੱਲਾਂ ਨਾਲ ਤੁਹਾਨੂੰ ਨੀਂਦ ਆਉਣ ਲੱਗੇ ਤਾਂ ਤੁਸੀਂ ਆਪਣੀ ਕੁਰਸੀ ਤੋਂ ਡਿੱਗ ਜਾਓ ਤਾਂ ਤੁਹਾਨੂੰ ਜ਼ਿੰਦਾ ਕਰਨ ਲਈ ਪੌਲੁਸ ਉੱਥੇ ਨਹੀਂ ਹੋਵੇਗਾ![4])

## ਅਹਿਮ ਸਬਕ

ਇਸ ਤੋਂ ਪਹਿਲਾਂ ਕਿ ਇਸ ਘਟਨਾ ਤੋਂ ਅਸੀਂ ਕੁਝ ਸਬਕ ਲਈਏ ਆਓ ਕਹਾਣੀ ਉੱਤੇ ਫੇਰ ਵਿਚਾਰ ਕਰਦੇ ਹਾਂ: ਪੌਲੁਸ ਅਤੇ ਉਹਦੇ ਸਾਥੀਆਂ ਨੇ ਪੂਰਾ ਹਫ਼ਤਾ ਤ੍ਰੋਆਸ ਵਿਚ ਉਡੀਕ ਕੀਤੀ ਸੀ ਤਾਂ ਜੋ ਉਹ ਉੱਥੋਂ ਦੇ ਸੰਤਾਂ ਨਾਲ ਹਫ਼ਤੇ ਦੇ ਪਹਿਲੇ ਦਿਨ ਮਿਲ ਸਕਣ (ਆਇਤ 6:7ੳ)। ਜਦ ਉਹ ਪ੍ਰਭੂ ਭੋਜ ਲੈਣ ਲਈ ਇਕੱਠੇ ਹੋਏ ਤਾਂ ਪੌਲੁਸ ਨੇ ਉਨ੍ਹਾਂ ਨੂੰ ਸਿੱਖਿਆ ਦੇਣ ਅਤੇ ਸਮਝਾਉਣ ਦੇ ਮੌਕੇ ਦਾ ਫ਼ਾਇਦਾ ਉਠਾਇਆ (ਆਇਤ 7ਅ)। ਪੌਲੁਸ ਦੀ ਯੋਜਨਾ ਅਗਲੇ ਦਿਨ ਚਲੇ ਜਾਣ ਦੀ ਸੀ ਅਤੇ ਉਸ ਦੇ ਉਨ੍ਹਾਂ ਨੂੰ ਫੇਰ ਮਿਲਣ ਦੀ ਕੋਈ ਆਸ ਨਹੀਂ ਸੀ (ਆਇਤ 38), ਜਿਸ ਕਰਕੇ ਉਹ ਉਨ੍ਹਾਂ ਨਾਲ ''ਅੱਧੀ ਰਾਤ ਤਾਈਂ ਉਪਦੇਸ਼ ਕਰਦਾ ਰਿਹਾ'' (ਆਇਤ 7ੲ)। ਲੂਕਾ ਨੇ ਧਿਆਨ ਦੁਆਇਆ ਹੈ ਕਿ ਚੁਬਾਰੇ ਵਾਲੇ ਕਮਰੇ ਵਿਚ ਜਿੱਥੇ ਉਹ

ਬੈਠੇ ਸਨ ''ਬਹੁਤ ਸਾਰੇ ਦੀਵੇ ਬਲਦੇ ਸਨ''-ਜਿਸ ਨਾਲ ਛੋਟੇ ਜਿਹੇ ਉਸ ਕਮਰੇ ਵਿਚ ਆਕਸੀਜਨ ਘਟਣ ਕਰਕੇ ਦਮ ਘੁਟ ਰਿਹਾ ਹੋਵੇਗਾ (ਆਇਤ 8)।

ਲੋਕਾਂ ਨਾਲ ਖਚਾਖਚ ਭਰਿਆ ਕਮਰਾ, ਆਕਸੀਜਨ ਦੀ ਕਮੀ ਅਤੇ ਅੱਧੀ ਰਾਤ ਤਕ ਸੁਣਦੇ-ਸੁਣਦੇ ਪੌਲੁਸ ਦੇ ਸੁਣਨ ਵਾਲੇ ਥੱਕ ਚੁੱਕੇ ਸਨ: ''ਅਤੇ ਯੂਤਖੁਸ ਨਾਮੇ ਇਕ ਜਵਾਨ ਤਾਕੀ ਵਿਚ ਬੈਠਾ ਗਾੜ੍ਹੀ ਨੀਂਦ[5] ਨਾਲ ਉਂਘਲਾਇਆ ਹੋਇਆ ਸੀ[6]'' (ਆਇਤ 9ੳ)। ''ਯੂਤਖੁਸ'' ਦਾ ਅਰਥ ਹੈ ''ਕਿਸਮਤ ਵਾਲਾ'' ਜਾਂ ਬਾਅਦ ਦੀਆਂ ਘਟਨਾਵਾਂ ਦੀ ਰੌਸ਼ਨੀ ਵਿਚ ''ਮੁਬਾਰਕ''[7] ਢੁੱਕਵਾਂ ਹੈ। ਯੂਨਾਨੀ ਭਾਸ਼ਾ ਵਿਚ ਯੂਤਖੁਸ ਨੂੰ ''ਗੱਭਰੂ'' ਕਿਹਾ ਜਾਂਦਾ ਹੈ। ਜਿਹਦਾ ਮਤਲਬ ਚਾਲੀ ਸਾਲ ਤਕ ਦੀ ਕੋਈ ਵੀ ਉਮਰ ਹੋ ਸਕਦੀ ਹੈ। ਮੂਲ ਲਿਖਤ ਵਿਚ ਉਹਦੇ ਲਈ ''ਮੁੰਡਾ'' ਸ਼ਬਦ ਵੀ ਵਰਤਿਆ ਗਿਆ ਹੈ ਜੋ ਆਮ ਤੌਰ ਤੇ ਅੱਠ ਤੋਂ ਚੌਦਾਂ ਸਾਲ ਦੀ ਉਮਰ ਦੇ ਬੱਚੇ ਜਾਂ ਜਵਾਨ ਵੱਲ ਇਸ਼ਾਰਾ ਕਰਦਾ ਹੈ (ਆਇਤ 12)।

ਵਰ੍ਹਿਆਂ ਤੋਂ ਅਸੀਂ ਜਵਾਨ ਯੂਤਖੁਸ ਨੂੰ ਬੁਰਾ ਭਲਾ ਕਹਿੰਦੇ ਆ ਰਹੇ ਹੋਵਾਂਗੇ। ਉਸ ਜ਼ਮਾਨੇ ਵਿਚ ਬਾਲ ਮਜ਼ਦੂਰ ਕਾਨੂੰਨ ਨਹੀਂ ਹੁੰਦੇ ਸਨ; ਉੱਥੇ ਪਹੁੰਚਣ ਤੋਂ ਪਹਿਲਾਂ ਦਿਨ ਭਰ ਕੰਮ ਕਰਕੇ ਉਹ ਥੱਕ ਚੁੱਕਿਆ ਹੋਵੇਗਾ। ਜਿਵੇਂ ਕਿ ਪਹਿਲਾਂ ਹੀ ਸੁਝਾਅ ਦਿੱਤਾ ਗਿਆ ਹੈ ਕਿ ਜਿਸ ਵਾਤਾਵਰਣ ਵਿਚ ਉਹ ਇਕੱਠੇ ਹੋਏ ਸਨ ਉਸ ਵਿਚ ਝਪਕੀ ਆਉਣ ਦੀ ਸੰਭਾਵਨਾ ਸੀ। ਹੋ ਸਕਦਾ ਹੈ ਕਿ ਆਪਣੀ ਥਾਂ ਕਿਸੇ ਬਜ਼ੁਰਗ ਨੂੰ ਦੇ ਕੇ ਯੂਤਖੁਸ ਔਖਾ ਹੋ ਕੇ ਖਿੜਕੀ ਵਿਚ ਬੈਠ ਗਿਆ ਹੋਵੇ।[8] ਪਰ ਛੋਟੀ ਉਮਰ ਅਤੇ ਔਖਾ ਹੋ ਕੇ ਬੈਠਣ ਦੇ ਬਾਵਜੂਦ ਯੂਤਖੁਸ ਸੰਤਾਂ ਨਾਲ ਮਿਲਣ ਲਈ ਆ ਗਿਆ ਸੀ ਅਤੇ ਬੰਦਗੀ ਦੇ ਦੇਰ ਤਕ ਚੱਲਣ ਦੇ ਬਾਵਜੂਦ ਉਹ ਛੱਡ ਕੇ ਨਹੀਂ ਗਿਆ ਸੀ। ਨਿੱਜੀ ਤੌਰ ਤੇ ਮੈਂ ਇਸ ਜਵਾਨ ਤੋਂ ਪ੍ਰਭਾਵਿਤ ਹਾਂ ਜਿਸਨੂੰ ਜ਼ਾਹਿਰ ਤੌਰ ਤੇ ਪ੍ਰਭੂ ਅਤੇ ਉਹਦੀ ਕਲੀਸੀਆ ਨਾਲ ਪਿਆਰ ਸੀ, ਅਤੇ ਬੰਦਗੀ ਦੇ ਦੇਰ ਤਕ ਚਲਦੇ ਰਹਿਣ ਤੇ ਵੀ ਉਹ ਉੱਥੇ ਰੁਕਣ ਲਈ ਤਿਆਰ ਸੀ!

ਫਿਰ ਵੀ ਮੁਸੀਬਤ ਨੇੜੇ ਸੀ। ਉਸ ਜ਼ਮਾਨੇ ਵਿਚ ਕੰਧਾਂ ਵਿਚ ਖਿੜਕੀਆਂ ਸਿੱਧੀਆਂ ਹੀ ਰੱਖੀਆਂ ਜਾਂਦੀਆਂ ਸਨ ਜੋ ਅਸਾਨੀ ਨਾਲ ਖੁੱਲ੍ਹ ਸਕਦੀਆਂ ਸਨ। ਇਸੇ ਕਰਕੇ ਜਦ ਯੂਤਖੁਸ ਇਕ ਦਮ ਡਿੱਗਿਆ ਤਾਂ ਉਸ ਨੂੰ ਫੜ੍ਹਿਆ ਨਹੀਂ ਜਾ ਸਕਿਆ। ''ਅਰ ਜਿਉਂ ਪੌਲੁਸ ਬਹੁਤ ਚਿਰ ਤੀਕਰ ਵਚਨ ਕਰਦਾ ਰਿਹਾ ਤਾਂ ਉਹ ਨੀਂਦਰ ਦੇ ਮਾਰੇ ਉਂਘਲਾਇਆ ਹੋਇਆ ਤਿਮੰਜ਼ਿਲੇ ਤੋਂ ਹੇਠਾਂ ਡਿੱਗ ਪਿਆ'' (ਆਇਤ 9ਅ)। (ਮਰਫ਼ੀ ਦੇ ਨਿਯਮ[9] ਮੁਤਾਬਕ ਬੰਦਾ ਖਿੜਕੀ ਦੇ *ਬਾਹਰ* ਵੱਲ ਹੀ ਡਿੱਗੇਗਾ *ਅੰਦਰ* ਨੂੰ ਨਹੀਂ।) ਪਿਛਲੇ ਪਾਠ ਵਿਚ ਜਦ ਉਸ ਮੁੰਡੇ ਨੂੰ ''ਮੁਰਦੇ ਨੂੰ ਚੁੱਕਿਆ ਗਿਆ'' (ਆਇਤ 9ੲ) ਸੀ ਤਾਂ ਮੈਂ ਭਾਈਆਂ ਦੇ ਜਜ਼ਬਾਤ ਵਿਖਾਉਣ ਦੀ ਕੋਸ਼ਿਸ਼ ਕੀਤੀ ਸੀ।

ਪੌਲੁਸ ਪੌੜੀਆਂ ਉੱਤਰਣ ਵਾਲੇ ਹੋਰ ਮੈਂਬਰਾਂ ਦੇ ਪਿੱਛੇ ਪਿੱਛੇ ਗਿਆ (ਆਇਤ 10); ਉਹ ਉੱਥੇ ਮੌਜੂਦ ਹੋਰ ਲੋਕਾਂ ਤੋਂ ਵੱਡਾ ਸੀ ਜਿਸ ਕਰਕੇ ਉਹ ਹੌਲੀ ਹੌਲੀ ਗਿਆ ਹੋਵੇਗਾ।[10] ਅਖੀਰ 'ਚ ਮੁੰਡੇ ਕੋਲ ਪਹੁੰਚ ਕੇ ਸ਼ਾਇਦ ਅਲੀਸ਼ਾ ਵਾਂਗ (1 ਰਾਜਿਆਂ 17:21; 2 ਰਾਜਿਆਂ 4:34, 35) ਉਹਨੇ ''ਉਹਨੂੰ ਜੱਫੇ ਵਿਚ ਲਿਆ'' (ਆਇਤ 10ਅ) ''ਅਤੇ ਗਲ ਨਾਲ ਲਾ ਕੇ ਆਖਣ ਲੱਗਾ ਭਈ ਤੁਸੀਂ ਰੌਲਾ ਨਾ ਪਾਓ ਕਿਉਂ ਜੋ ਉਹ ਦੀ ਜਾਨ ਉਸ ਵਿਚ ਹੈ'' (ਰਸੂਲਾਂ ਦੇ ਕੰਮ 20:10ੲ)। ਪੌਲੁਸ ਦੇ ਸ਼ਬਦਾਂ ਦਾ ਇਹ ਮਤਲਬ ਨਹੀਂ ਸੀ ਕਿ ਡਿੱਗਣ ਨਾਲ ਉਹ ਮਰਿਆ ਨਹੀਂ ਹੈ। ਲੂਕਾ ਨੇ ਇਹ ਨਹੀਂ ਲਿਖਿਆ ਕਿ ਯੂਤਖੁਸ ਨੂੰ ''ਮੁਰਦਿਆਂ

*ਲਈ* ਉਠਾਇਆ ਗਿਆ,'' ਜਾਂ ''ਉਨ੍ਹਾਂ ਨੂੰ *ਲੱਗਾ* ਕਿ ਉਹ ਮਰ ਗਿਆ ਹੈ।'' ਵੈਦ ਲੂਕਾ ਨੇ ਕਿਹਾ ਕਿ ਉਹ ਜਵਾਨ **ਮਰ** ਗਿਆ ਸੀ (ਆਇਤ 9)।[11] ਸਗੋਂ ਪੌਲੁਸ ਦੇ ਕਹਿਣ ਤੋਂ ਭਾਵ ਸੀ ਕਿ ਜਾਨ ਉਸ ਮੁੰਡੇ ਵਿਚ ਵਾਪਸ ਆ ਗਈ ਹੈ (ਆਇਤ 12)। ਇਹ ਮੋਅਜਜ਼ਾ ਬੇਹੱਦ ਪ੍ਰਭਾਵਸ਼ਾਲੀ ਹੈ: ਉਹਦੀਆਂ ਟੁੱਟ ਚੁੱਕੀਆਂ ਹੱਡੀਆਂ ਜੁੜ ਗਈਆਂ ਸਨ, ਜੋੜ ਆਪਣੀ ਥਾਂ ਆ ਗਏ ਸਨ, ਫ਼ਟ ਚੁੱਕੀਆਂ ਲਹੂ ਦੀਆਂ ਨਾੜਾਂ ਦੀ ਮੁਰੰਮਤ ਹੋ ਗਈ ਸੀ, ਖ਼ਰਾਬ ਹੋਏ ਅੰਗ ਫੇਰ ਤੋਂ ਠੀਕ ਹੋ ਗਏ ਸਨ, ਜ਼ਖ਼ਮ ਭਰ ਗਏ ਸਨ ਅਤੇ ਉਹਦੇ ਦਿਲ ਨੇ ਫੇਰ ਧੜਕਣਾ ਸ਼ੁਰੂ ਕਰ ਦਿੱਤਾ ਸੀ।

ਕਈ ਲੋਕ ਅੱਜ ਦਾਅਵਾ ਕਰਦੇ ਹਨ ਕਿ ਉਨ੍ਹਾਂ ਕੋਲ ਵੀ ਉਹੀ ਸ਼ਕਤੀ ਹੈ ਜੋ ਰਸੂਲਾਂ ਕੋਲ ਸੀ, ਪਰ ਮੈਂ ਤੁਹਾਨੂੰ ਯਕੀਨ ਦੁਆਉਂਦਾ ਹਾਂ ਕਿ ਯੂਤਖੁਸ ਵਾਂਗ ਨਵੀਂ ਜ਼ਿੰਦਗੀ ਪਾਉਣ ਵਾਲਾ ਤੁਹਾਨੂੰ ਕੋਈ ਨਹੀਂ ਲੱਭੇਗਾ। ਮੈਂ ''ਚੰਗਾਈ ਸਭਾਵਾਂ'' ਦੀਆਂ ਬਹੁਤ ਸਾਰੀਆਂ ਖ਼ਬਰਾਂ ਵਾਲੀਆਂ ਕਾਤਰਾਂ ਆਪਣੀ ਫ਼ਾਈਲ ਵਿਚ ਰੱਖੀਆਂ ਹੋਈਆਂ ਹਨ ਜਿਨ੍ਹਾਂ ਵਿਚ ਹਾਰਟ ਅਟੈਕ ਜਾਂ ਕਿਸੇ ਅਜਿਹੇ ਰੋਗ ਨਾਲ ਲੋਕ ਮਰ ਗਏ। ਉਨ੍ਹਾਂ ਵਿੱਚੋਂ ਕਿਸੇ ਨੂੰ ਵੀ ਦੁਬਾਰਾ ਜ਼ਿੰਦਗੀ ਨਹੀਂ ਮਿਲੀ। ਸਾਡੇ ਇਲਾਕੇ ਵਿਚ ਇਕ ਮਸ਼ਹੂਰ ''ਚੰਗਾਈ ਦੇਣ ਵਾਲਾ ਸੇਵਕ'' ਇਕ ਵਾਰ ਤੰਬੂ ਵਿਚ ਇਕ ਮੀਟਿੰਗ ਕਰ ਰਿਹਾ ਸੀ ਕਿ ਤੰਬੂ ਡਿੱਗ ਪਿਆ, ਜਿਸ ਨਾਲ ਕਈ ਲੋਕ ਮਾਰੇ ਗਏ ਅਤੇ ਬਹੁਤ ਸਾਰੇ ਜ਼ਖ਼ਮੀ ਹੋ ਗਏ। ''ਚੰਗਾਈ ਦੇਣ ਵਾਲੇ ਨੇ'' ਕਿਸੇ ਨੂੰ ਵੀ ਨਾ ਤਾਂ ਜ਼ਿੰਦਾ ਕੀਤਾ ਅਤੇ ਨਾ ਹੀ ਚੰਗਾਈ ਦਿੱਤੀ। ਅੱਜ ਲੋਕਾਂ ਕੋਲ ਉਹ ਸ਼ਕਤੀ *ਨਹੀਂ* ਹੈ ਜੋ ਰਸੂਲਾਂ ਕੋਲ ਸੀ।

ਯੂਤਖੁਸ ਨੂੰ ਜ਼ਿੰਦਾ ਕਰਨ ਲਈ ਪੌਲੁਸ ਕੋਲ ਕਈ ਕਾਰਣ ਹੋਣਗੇ: ਪਹਿਲਾ, ਉਸ ਮੁੰਡੇ ਨਾਲ ਅਤੇ ਤ੍ਰੋਆਸ ਦੀ ਕਲੀਸੀਆ ਵਿਚ ਹੋਰ ਲੋਕਾਂ ਨਾਲ ਲਗਾਅ ਸੀ। ਦੂਜਾ, ਮੋਅਜਜ਼ੇ ਨਾਲ ਹੁਣੇ ਹੁਣੇ ਸੁਣਾਏ ਵਚਨ ਦੀ ਤਸਦੀਕ ਹੋ ਗਈ (ਮਰਕੁਸ 16:20)। ਕਈਆਂ ਨੂੰ ਹੋਰ ਵੀ ਮਕਸਦ ਨਜ਼ਰ ਆਉਂਦਾ ਹੈ। ਉਹ ਕਲੀਸੀਆ ਵੱਲੋਂ ਯਿਸੂ ਦੀ ਮੌਤ ਅਤੇ ਜੀ ਉੱਠਣ ਨੂੰ ਮਨਾਉਣ (20:7) ਅਤੇ ਉਸ ਮੁੰਡੇ ਦੇ ਮੁਰਦਿਆਂ ਵਿੱਚੋਂ ਜੀ ਉੱਠਣ ਵਿਚ ਸਮਾਨਤਾ ਦੱਸਦੇ ਹਨ (ਆਇਤਾਂ 9, 10)। ਯੂਤਖੁਸ ਨੂੰ ਫੇਰ ਤੋਂ ਜ਼ਿੰਦਾ ਕਰਨ ਨਾਲ ਜੀ ਉੱਠਣ ਦੀ ਧਾਰਣਾ ਵਿਚ ਮੈਂਬਰਾਂ ਦੇ ਵਿਸ਼ਵਾਸ ਨੂੰ ਮਾਨਤਾ ਮਿਲ ਗਈ।

ਇਹੀ ਕਹਾਣੀ ਹੈ। ਆਓ ਹੁਣ ਧਿਆਨ ਦਈਏ ਕਿ ਇਸ ਵਿਚ ਸਾਡੇ ਲਈ ਕੀ ਸਬਕ ਹੈ।

### ਸੁਣਨ ਵਾਲਿਆਂ ਲਈ ਸਬਕ

ਪਹਿਲਾਂ, ਸੁਣਨ ਵਾਲਿਆਂ ਲਈ ਸਬਕ ਮਿਲਦੇ ਹਨ। ਸਭ ਤੋਂ ਸਪੱਸ਼ਟ ਗੱਲ ਇਹ ਹੈ ਕਿ ਕਲੀਸੀਆ ਵਿਚ ਉਂਘਲਾਉਣਾ ਪਰੇਸ਼ਾਨੀ ਦਾ ਸਬੱਬ ਬਣ ਸਕਦਾ ਹੈ। ਇਕ ਵਾਰ ਪ੍ਰਚਾਰ ਕਰਦਿਆਂ ਮੈਨੂੰ ਇਕ ਅਜਿਹੇ ਬੰਦੇ ਦਾ ਪਤਾ ਲੱਗਾ ਜਿਹਦੀ ਘਰ ਵਾਲੀ ਉਹਨੂੰ ਜਗਾਈ ਰੱਖਣ ਲਈ ਉਹਨੂੰ ਬਾਰ-ਬਾਰ ਕੂਹਣੀ ਮਾਰੀ ਜਾ ਰਹੀ ਸੀ। ਉਹਦੀ ਘਰ ਵਾਲੀ ਨੇ ਮੈਨੂੰ ਦੱਸਿਆ ਕਿ ''ਜਾਰਜ ਦੇ ਉਂਘਲਾਉਣ ਨਾਲ ਮੈਨੂੰ ਬਹੁਤੀ ਪਰੇਸ਼ਾਨੀ ਨਹੀਂ ਹੁੰਦੀ ਪਰ ਪਰੇਸ਼ਾਨ ਮੈਂ ਇਸ ਕਰਕੇ ਹੁੰਦੀ ਹਾਂ ਕਿਉਂਕਿ ਇਨ੍ਹਾਂ ਦੇ ਘਰਾੜਿਆਂ ਨਾਲ ਬੰਦਗੀ ਕਰਨ ਵਾਲੇ ਹੋਰ ਲੋਕਾਂ ਨੂੰ ਦਿੱਕਤ ਆਉਂਦੀ ਹੈ।'' ਬਹੁਤ ਸਾਰੇ ਪ੍ਰਚਾਰਕਾਂ ਕੋਲ ਕਿਸੇ ਨਾ ਕਿਸੇ ਤਰ੍ਹਾਂ ਦੀ ਘੱਟੋ ਘੱਟ ਇਕ ਕਹਾਣੀ ਜ਼ਰੂਰ ਹੋਵੇਗੀ ਜਿਸ ਵਿਚ ਕਲੀਸੀਆ ਵਿਚ ਉਂਘਲਾਉਣ ਕਰਕੇ ਕਿਸੇ ਨੂੰ ਪਰੇਸ਼ਾਨੀ

ਹੋਈ। ਮੇਰਾ ਇਕ ਦੋਸਤ ਗਾਉਣ ਵਿਚ ਅਗਵਾਈ ਕਰਨ ਵਾਲੇ ਇਕ ਬੰਦੇ ਬਾਰੇ ਦੱਸਦਾ ਹੈ ਜੋ ਪ੍ਰਚਾਰ ਸ਼ੁਰੂ ਹੁੰਦਿਆਂ ਹੀ ਸੌਂ ਗਿਆ। ਕਲਾਮ ਸ਼ੁਰੂ ਕਰਨ ਦੇ ਥੋੜ੍ਹੀ ਦੇਰ ਬਾਅਦ ਮੇਰਾ ਦੋਸਤ ਨਾਟਕੀ ਪ੍ਰਭਾਵ ਦੇਣ ਲਈ ਰੁਕਿਆ। ਉਦੋਂ ਤਕ, ਗਾਉਣ ਵਿਚ ਅਗਵਾਈ ਕਰਨ ਵਾਲਾ ਜਾਗ ਚੁੱਕਾ ਸੀ। ਪ੍ਰਚਾਰਕ ਨੂੰ ਸ਼ਾਂਤ ਵੇਖ ਕੇ ਉਹਨੂੰ ਲੱਗਾ ਕਿ ਕਲਾਮ ਸੁਣਾ ਦਿੱਤਾ ਗਿਆ ਹੈ ਜਿਸ ਕਰਕੇ ਉਹ ਝੱਟ ਖੜਾ ਹੋ ਕੇ ਗਾਉਣ ਵਿਚ ਅਗਵਾਈ ਕਰਨ ਲਗ ਪਿਆ।[12]

ਸਾਫ਼ ਗੱਲ ਤਾਂ ਇਹ ਹੈ ਕਿ ਯੂਤਖੁਸ ਵਾਂਗ ਕੁਝ ਲੋਕਾਂ ਦੇ ਉਂਘਲਾਉਣ ਦੇ ਆਪੋ ਆਪਣੇ ਕਾਰਣ ਹੁੰਦੇ ਹਨ। ਕਈ ਬੀਮਾਰ ਹੁੰਦੇ ਹਨ ਜਾਂ ਕਿਸੇ ਹੋਰ ਜਿਸਮਾਨੀ ਪਰੇਸ਼ਾਨੀ ਕਰਕੇ ਉਂਘਲਾਉਂਦੇ ਹਨ। ਜੋ ਦਵਾਈ ਲੈਂਦੇ ਹਨ ਉਨ੍ਹਾਂ ਲਈ ਬੰਦਗੀ ਵਿਚ ਜਾਗਣਾ ਔਖਾ ਹੋ ਜਾਂਦਾ ਹੈ। ਸ਼ਿਫ਼ਟਾਂ ਵਿਚ ਕੰਮ ਕਰਨ ਵਾਲੇ ਰਾਤ ਭਰ ਕੰਮ ਕਰਨ ਦੇ ਬਾਅਦ ਬੰਦਗੀ ਵਿਚ ਆਉਂਦੇ ਹਨ। ਕਈ ਵਾਰ ਮਾਂਵਾਂ ਬੱਚਿਆਂ ਦੀ ਜ਼ਿੱਦ ਕਰਕੇ ਛੇਤੀ ਉੱਠ ਜਾਂਦੀਆਂ ਹਨ। ਮੇਰੀ ਗੱਲ ਸੁਣੋ, ਮੈਂ ਸ਼ੁਕਰ ਕਰਦਾ ਹਾਂ ਕਿ ਜਦ ਤੁਸੀਂ ਆਪਣੀ ਨੀਂਦ ਉੱਤੇ ਕਾਬੂ ਨਹੀਂ ਪਾ ਸਕੇ ਤਦ ਵੀ ਤੁਸੀਂ ਬੰਦਗੀ ਵਿਚ ਆਉਂਦੇ ਹੋ ਅਤੇ ਆਪਣੀਆਂ ਅੱਖਾਂ ਖੁੱਲ੍ਹੀਆਂ ਰੱਖਣ ਲਈ ਤੁਹਾਨੂੰ ਬੜੀ ਜੱਦੋ ਜਹਿਦ ਕਰਨੀ ਪੈਂਦੀ ਹੈ।

ਸਾਡੇ ਵਿੱਚੋਂ ਬਾਕੀਆਂ ਦਾ ਕੀ ਹਾਲ ਹੈ? ਉਨ੍ਹਾਂ ਬਾਰੇ ਕੀ ਕਹੀਏ ਜੋ ਸਨਿੱਚਰਵਾਰ ਦੇਰ ਰਾਤ ਤਕ ਟੈਲੀਵਿਜ਼ਨ ਵੇਖਣ ਜਾਂ ਦੋਸਤਾਂ ਦੇ ਘਰ ਜਾਣ ਕਰਕੇ ਐਤਵਾਰ ਸਵੇਰੇ ਜਾਗਦੇ ਹੀ ਨਹੀਂ? ਉਨ੍ਹਾਂ ਬਾਰੇ ਕੀ ਕਹੀਏ ਜੋ ਰੂਹਾਨੀ ਗੱਲਾਂ ਵਿਚ ਦਿਲਚਸਪੀ ਹੀ ਨਹੀਂ ਲੈਂਦੇ? ਗੀਤ ਭਾਵੇਂ ਕਿੰਨੇ ਵੀ ਜੋਸ਼ੀਲੇ ਕਿਉਂ ਨਾ ਹੋਣ, ਦੁਆਵਾਂ ਭਾਵੇਂ ਕਿੰਨੀਆਂ ਵੀ ਹੱਲਾਸ਼ੇਰੀ ਦੇਣ ਵਾਲੀਆਂ ਕਿਉਂ ਨਾ ਹੋਣ, ਸੰਦੇਸ਼ ਭਾਵੇਂ ਕਿੰਨੇ ਵੀ ਤਾਜ਼ਗੀ ਦੇਣ ਵਾਲੇ ਕਿਉਂ ਨਾ ਹੋਣ, ਉਨ੍ਹਾਂ ਨੂੰ ਕੋਈ ਫ਼ਰਕ ਨਹੀਂ ਪੈਂਦਾ। ਇਹੀ ਲੋਕ ਹਨ ਜਿਨ੍ਹਾਂ ਦੀ ਮੈਨੂੰ ਫ਼ਿਕਰ ਹੈ। ਜੇ ਤੁਸੀਂ ਆਪਣੇ ਆਪ ਨੂੰ ਇਹੋ ਜਿਹੇ ਲੋਕਾਂ ਵਿਚ ਪਾਉਂਦੇ ਹੋ ਤਾਂ ਧਿਆਨ ਦਿਓ ਕਿ ਤੁਸੀਂ ਕਦੇ ਤੀਜੀ ਮੰਜ਼ਿਲ ਤੋਂ ਡਿੱਗ ਕੇ ਤਾਂ ਭਾਵੇਂ ਨਾ ਮਰੋ, ਪਰ ਤੁਹਾਡੀ ਰੂਹਾਨੀਅਤ ਰੁਕ ਗਈ ਹੈ ਅਤੇ ਰੂਹਾਨੀ ਮੌਤ ਹੋਣ ਹੀ ਵਾਲੀ ਹੈ! ''ਰੂਹ ਅਤੇ ਸੱਚਿਆਈ ਨਾਲ ਬੰਦਗੀ'' ਕਰਨਾ ਸਿੱਖਣ ਦਾ ਵਕਤ ਹੁਣੇ ਹੈ (ਯੂਹੰਨਾ 4:24)।

### ਪ੍ਰਚਾਰਕਾਂ ਲਈ ਸਬਕ

ਯੂਤਖੁਸ ਦੀ ਕਹਾਣੀ ਵਿਚ ਪ੍ਰਚਾਰਕਾਂ ਲਈ ਵੀ ਇਕ ਦੋ ਸਬਕ ਮਿਲ ਸਕਦੇ ਹਨ ਕਿ ਪ੍ਰਚਾਰਕ ਇਸ ਗੱਲ ਵਿਚ ਧਿਆਨ ਦੁਆਉਣ ਲਈ ਮਸ਼ਹੂਰ ਹਨ ਕਿ ਪੌਲੁਸ ਨੇ ਅੱਧੀ ਰਾਤ ਤਕ ਇਹ ਸਾਬਤ ਕਰਨ ਲਈ ਪ੍ਰਚਾਰ ਕੀਤਾ ਕਿ ਦੇਰ ਰਾਤ ਤਕ ਵਚਨ ਸੁਣਾਉਣਾ ਭਾਵ ਲੰਮਾ ਸਾਰਾ ਉਪਦੇਸ਼ ਦੇਣਾ ਵਚਨ ਦੇ ਮੁਤਾਬਕ ਹੈ।[13] ਪਰ ਧਿਆਨ ਦਿਓ ਕਿ ਪੌਲੁਸ ਉੱਥੇ ਨਾ ਤਾਂ ਪਿਛਲੇ ਐਤਵਾਰ ਸੀ ਅਤੇ ਨਾ ਹੀ ਉਹਨੇ ਅਗਲੇ ਐਤਵਾਰ ਉੱਥੇ ਹੋਣਾ ਸੀ। ਉਹਦੀ ਗੱਲ ਉਨ੍ਹਾਂ ਪ੍ਰਚਾਰਕਾਂ ਨਾਲੋਂ ਫ਼ਰਕ ਸੀ ਜੋ ਹਰ ਐਤਵਾਰ ਉਨ੍ਹਾਂ ਹੀ ਲੋਕਾਂ ਨੂੰ ਮਿਲਦੇ ਹਨ।

ਪੌਲੁਸ ਦਾ ਲੰਮਾ ਸਾਰਾ ਉਪਦੇਸ਼ ਕਦੇ ਲੰਮਾ ਉਪਦੇਸ਼ ਖਾਸ ਮੌਕੇ ਤੇ ਦਿੱਤੇ ਜਾਣ ਵਾਲੇ ਉਪਦੇਸ਼ ਨੂੰ ਜਾਇਜ਼ ਠਹਿਰਾਉਂਦਾ ਹੈ, ਪਰ ਹਰ ਹਫ਼ਤੇ ਮਿਲਣ ਵਾਲੇ ਉਨ੍ਹਾਂ ਲੋਕਾਂ ਵਿਚ ਹੀ ਘੁਮਾ ਫ਼ਿਰਾ ਕੇ ਗੱਲਾਂ ਕਰਨ ਨੂੰ ਜਾਇਜ਼ ਨਹੀਂ ਠਹਿਰਾਉਂਦਾ। ਕਿਹਾ ਜਾਂਦਾ ਹੈ ਕਿ ਮਨੁੱਖੀ ਸਰੀਰ ਦੇ ਦੋ ਹਿੱਸੇ ਹੁੰਦੇ ਹਨ, ਇਕ ਸਿਰਾ ਉਸੇ ਗੱਲ ਨੂੰ ਸਮਾ ਸਕਦਾ ਹੈ ਜਿਸ ਨੂੰ ਦੂਜਾ ਸਿਰਾ

ਸਹਿ ਸਕਦਾ ਹੋਵੇ। ਖ਼ੁਦਾ ਦੇ ਬੁਲਾਰੇ ਹੋਣ ਦੇ ਨਾਤੇ ਸਾਨੂੰ ਚਾਹੀਦਾ ਹੈ ਕਿ ਆਪਣੇ ਸੰਦੇਸ਼ ਨੂੰ ਲੋਰੀਆਂ ਬਣਨ ਤੋਂ ਬਚਾਉਣ ਲਈ ਮਿਹਨਤ ਕਰੀਏ।

**ਵਾਤਾਵਰਣ ਉੱਤੇ ਸਬਕ**

ਸਾਨੂੰ ਇੱਥੇ ਬੰਦਗੀ ਦੇ ਥਾਂ ਦੇ ਆਲੇ ਦੁਆਲੇ ਤੇ ਵੀ ਇਕ ਸਬਕ ਮਿਲ ਸਕਦਾ ਹੈ। ਮੈਂ ਇਕ ਵਾਰ ਫੇਰ ''ਚੁਬਾਰੇ ਵਿਚ ਜਿੱਥੇ [ਉਹ] ਇਕੱਠੇ ਹੋਏ ਸਨ, ਬਹੁਤ ਸਾਰੇ ਦੀਵੇ ਬਲਦੇ ਸਨ'' (ਆਇਤ 8) ਵੱਲ ਲਿਜਾਂਦਾ ਹਾਂ ਜਿਨ੍ਹਾਂ ਕਰਕੇ ਆਕਸੀਜਨ ਘੱਟ ਰਹੀ ਹੋਵੇਗੀ। ਇਕ ਵਿਆਖਿਆ ਵਿਚ ਕਿਹਾ ਗਿਆ ਹੈ ਕਿ ''ਚੁਬਾਰੇ ਵਾਲੇ ਕਮਰੇ ਵਿਚ ਗਰਮੀ ਅਤੇ ਹੁਮਸ ਸੀ।''[14] ਪਿਛਲੇ ਪਾਠ ਵਿਚ ਮੈਂ ਕਿਹਾ ਸੀ ਕਿ ਕਲੀਸੀਆ ਕਿੱਥੇ ਇਕੱਠੀ ਹੁੰਦੀ ਹੈ, ਇਸ ਦੀ ਅਹਿਮੀਅਤ ਨਹੀਂ ਹੈ; ਪਰ ਇਕੱਠੇ ਹੋਣ ਦੀ ਥਾਂ ਬਣਾਉਣ ਦੀ ਕੋਸ਼ਿਸ਼ ਕਰਨ ਦਾ ਫ਼ਾਇਦਾ ਹੈ ਉਹ ਕਿਤੇ ਵੀ ਅਤੇ ਕਿਵੇਂ ਵੀ ਹੋਵੇ, ਉੱਥੇ ਬੰਦਗੀ ਕੀਤੀ ਜਾ ਸਕਦੀ ਹੋਵੇ। ਕਈ ਵਾਰ ਹਵਾਦਾਰ ਕਮਰੇ ਨਾ ਹੋਣ ਕਰਕੇ ਸੰਤਾਂ ਨੂੰ ਨੀਂਦਰ ਆਉਣ ਲੱਗ ਪੈਂਦੀ ਹੈ।

## ਬੇਹੱਦ ਅਹਿਮ ਸਬਕ

ਯੂਤਖੁਸ ਦੀ ਕਹਾਣੀ ਇਸ ਤੱਥ ਨੂੰ ਉਭਾਰਦੀ ਹੈ ਕਿ ਬੰਦਗੀ ਵਿਚ ਜਿਸਮਾਨੀ ਨੀਂਦ ਪਰੇਸ਼ਾਨੀ ਪੈਦਾ ਕਰ ਸਕਦੀ ਹੈ ਅਤੇ ਉਹਦੀ ਹਮਾਇਤ ਨਹੀਂ ਕੀਤੀ ਜਾ ਸਕਦੀ, ਪਰ ਕਈ ਵਾਰ ਜਿਸਮਾਨੀ ਉਨੀਂਦਰਾ ਸਿਰਫ਼ ਕਿਸੇ ਹੋਰ ਗੰਭੀਰ ਪਰੇਸ਼ਾਨੀ ਭਾਵ *ਰੂਹਾਨੀ* ਨੀਂਦ ਦਾ ਲੱਛਣ ਹੁੰਦਾ ਹੈ। ਪੌਲੁਸ ਨੇ ਕੁਰਿੰਥੁਸ ਦੇ ਲੋਕਾਂ ਨੂੰ ਪ੍ਰਭੂ-ਭੋਜ ਦੀ ਦੁਰਵਰਤੋਂ ਕਰਨ ਕਰਕੇ ਫ਼ਟਕਾਰਦਿਆਂ ਉਨ੍ਹਾਂ ਦੀ ਰੂਹਾਨੀ ਬੀਮਾਰੀ ਦੂਰ ਕਰਨ ਲਈ ਇਹ ਇਲਾਜ ਕੀਤਾ: ''ਇਸੇ ਕਾਰਨ ਬਾਹਲੇ ਤੁਹਾਡੇ ਵਿਚ ਨਿਤਾਣੇ ਅਤੇ ਰੋਗੀ ਹਨ ਅਤੇ ਕਈਕੁ *ਸੁੱਤੇ ਪਏ* ਹਨ'' (1 ਕੁਰਿੰਥੀਆਂ 11:30)। ''ਕਲੀਸੀਆ ਵਿਚ ਉਂਘਲਾਉਣ'' ਦੀ ਗੱਲ ਕਰਨ ਤੇ ਮੈਨੂੰ ਲਗਦਾ ਹੈ ਜਿਵੇਂ ਕਿਸੇ ਮੰਡਲੀ ਦੀ ਹੀ ਗੱਲ ਕਰ ਰਹੇ ਹੋਈਏ। ਦੂਜੇ ਪਾਸੇ ਜੇ ''ਕਲੀਸੀਆ'' ਤੋਂ ਭਾਵ ਅਸੀਂ ''ਮਸੀਹ ਦੀ ਦੇਹ''[15] ਮੰਨਦੇ ਹਾਂ ਤਾਂ ਮੈਨੂੰ ''ਕਲੀਸੀਆ ਵਿਚ ਉਂਘਲਾਉਣ'' ਵਾਲਿਆਂ ਦੀ *ਬਹੁਤੀ* ਫ਼ਿਕਰ ਹੁੰਦੀ ਹੈ। ਕਿਸੇ ਪ੍ਰਚਾਰਕ ਦੇ ਕੀਤੇ ਜਾਣ ਵਾਲੇ ਸਭ ਤੋਂ ਅਹਿਮ ਕੰਮਾਂ ਵਿੱਚੋਂ ਇਕ ਲੋਕਾਂ ਨੂੰ ਉਨ੍ਹਾਂ ਦੀ ਰੂਹਾਨੀ ਨੀਂਦ ਤੋਂ ਜਗਾਉਣਾ ਹੁੰਦਾ ਹੈ।

ਪੌਲੁਸ ਨੇ ਰੂਹਾਨੀ ਨੀਂਦ ਵਿਚ ਝੁਕੇ ਹੋਏ ਸਿਰਾਂ ਨੂੰ ਚੁਣੌਤੀ ਦਿੱਤੀ: ''... ਹੁਣ ਨੀਂਦਰ ਤੋਂ ਤੁਹਾਡੇ ਜਾਗਣ ਦਾ ਵੇਲਾ ਆ ਪੁੱਜਿਆ ਹੈ ...'' (ਰੋਮੀਆਂ 13:11)। ਫਿਰ ਉਹਨੇ ਲਿਖਿਆ, ''ਹੇ ਸੌਣ ਵਾਲਿਆ, ਜਾਗ, ਅਤੇ ਮੁਰਦਿਆਂ ਵਿੱਚੋਂ ਜੀ ਉੱਠ, ਤਾਂ ਮਸੀਹ ਤੇਰੇ ਉੱਤੇ ਚਮਕੇਗਾ'' (ਅਫ਼ਸੀਆਂ 5:14)।

ਜੇ ਅਸੀਂ ਤ੍ਰੋਆਸ ਦੇ ਭਾਈਆਂ ਦੀ ਨਕਲ ਕਰੀਏ ਤਾਂ ਸਾਨੂੰ ਫੇਰ ਤੋਂ ਨਵੀਂ ਤਾਜ਼ਗੀ ਮਿਲ ਸਕਦੀ ਹੈ। ਉਹ ਬੰਦਗੀ ਵਿਚ, ਪ੍ਰਭੂ-ਭੋਜ ਲੈਣ ਵਿਚ ਤੰਗ ਅਤੇ ਔਖਿਆਈ ਵਾਲੇ ਥਾਂ ਤੇ ਵੀ ਵਕਤ ਸਿਰ ਜਾਣ ਲਈ ਵਿਸ਼ਵਾਸੀ ਸਨ। ਉਨ੍ਹਾਂ ਦੇ ਦਿਲ ਵਿਚ ਖ਼ੁਦਾ ਦੇ ਬੁਲਾਰੇ ਅਤੇ ਜੋ ਕੁਝ ਉਹਨੇ ਖ਼ੁਦਾ ਦੇ ਵਚਨ 'ਚੋਂ ਸੁਣਾਇਆ, ਬਾਰੇ ਇੱਜ਼ਤ ਸੀ। ਸਾਨੂੰ ਉਨ੍ਹਾਂ ਹੀ ਪੈੜਾਂ ਤੇ ਚੱਲਣ ਦੀ ਲੋੜ ਹੈ।

## ਸਾਰ

ਇਸ ਕਹਾਣੀ ਦੇ ਸਬਕ ਸਭ ਸੁਣਨ ਵਾਲਿਆਂ ਉੱਤੇ ਲਾਗੂ ਹੁੰਦੇ ਹਨ। ਬੰਦਗੀ ਦੇ ਸਮੇਂ ਹਰ ਇਕ ਨੂੰ ਜੋ ਕੁਝ ਵੀ ਉਹ ਕਰਦਾ ਹੈ, ਚੌਕਸ ਰਹਿ ਕੇ ਕਰਨਾ ਚਾਹੀਦਾ ਹੈ ਤਾਂ ਜੋ ਉਹ ਸੱਚਮੁੱਚ ਬੰਦਗੀ ਕਰ ਸਕੇ। ਸਾਡੇ ਵਿੱਚੋਂ ਜੋ ਲੋਕ ਪ੍ਰਚਾਰ ਕਰਦੇ ਹਨ ਉਨ੍ਹਾਂ ਲਈ ਵੀ ਸਬਕ ਹਨ ਕਿ ਅਸੀਂ ਆਪਣੇ ਪਾਠਾਂ ਨੂੰ ਪ੍ਰਭਾਵਸ਼ਾਲੀ ਅਤੇ ਚੁਣੌਤੀਪੂਰਣ ਬਣਾਉਣ ਲਈ ਹੋਰ ਮਿਹਨਤ ਕਰੀਏ। ਪਰ ਸਭ ਤੋਂ ਅਹਿਮ ਸਬਕ ਉਨ੍ਹਾਂ ਲਈ ਹੈ ਜਿਨ੍ਹਾਂ ਦੀ ਰੂਹਾਨੀ ਦਿਲਚਸਪੀ ਘਟ ਗਈ ਹੈ। ''ਸੋ ਇਸ ਲਈ ਅਸੀਂ ਹੋਰਨਾਂ ਵਾਂਗੂੰ ਨਾ ਸੌਂਵੀਏਂ ਸਗੋਂ ਜਾਗਦੇ ਰਹੀਏ ਅਰ ਸੁਚੇਤ ਰਹੀਏ'' (1 ਥੱਸਲੁਨੀਕੀਆਂ 5:6)!

---

ਟਿੱਪਣੀਆਂ

[1]*ਟਰੁੱਥ ਫ਼ਾਰ ਟੁਡੇ* ਦੀ ਕਿਤਾਬ ''ਰਸੂਲਾਂ ਦੇ ਕੰਮ, 1'' ਦੇ ਮੁੱਢਲੇ ਦੋ ਪਾਠਾਂ ਵਿਚ ਜਾਣ ਪਛਾਣ ਵੇਖੋ। [2]ਇੱਥੇ ''ਕਲੀਸੀਆ (ਚਰਚ) ਵਿਚ'' ਤੋਂ ਭਾਵ ''[ਬੰਦਗੀ ਕਰ ਰਹੀ] ਮੰਡਲੀ ਵਿਚ'' ਹੈ। *ਟਰੁੱਥ ਫ਼ਾਰ ਟੁਡੇ* ਦੀ ਕਿਤਾਬ ''ਰਸੂਲਾਂ ਦੇ ਕੰਮ, 1'' ਦੀ ਅਰਥਾਵਲੀ ਵਿਚ ''ਕਲੀਸੀਆ'' ਵੇਖੋ। ਅਗਲੇ ਪਾਠ ਵਿਚ '' ਕਲੀਸੀਆ ਵਿਚ'' ਸ਼ਬਦ ਦੀ ਵਰਤੋਂ ਕਰਦੇ ਸ਼ਬਦਾਂ ਦੀ ਖੇਡ ਕੀਤੀ ਜਾਵੇਗੀ। [3]ਬਾਈਬਲ ''ਸਰਪ੍ਰਸਤ ਸੰਤਾਂ'' ਦੀ ਧਾਰਣਾ ਦੀ ਸਿੱਖਿਆ ਨਹੀਂ ਦਿੰਦੀ। ਇਹ ਪੈਰ੍ਹਾ ਹਸਾਉਣ ਵਾਸਤੇ ਹੈ। ਕਿਤੇ-ਕਿਤੇ ਸਿੱਖਿਆ ਦੇਣ ਜਾਂ ਪ੍ਰਚਾਰ ਕਰਨ ਲਈ ਇਹਦੀ ਵਰਤੋਂ ਬੇਲੋੜੀ ਹੋ ਸਕਦੀ ਹੈ। [4]ਇਕ ਪ੍ਰਚਾਰਕ ਜੋ ਬਗੈਰ ਖਿੜਕੀ ਵਾਲੇ ਭਵਨ ਵਿਚ ਪ੍ਰਚਾਰ ਕਰਦਾ ਹੈ, ਯੂਤਖੁਸ ਦੀ ਕਹਾਣੀ ਦੱਸਦੇ ਹੋਏ ਕਹਿੰਦਾ ਹੈ, ''ਇਸੇ ਲਈ ਤਾਂ ਅਸੀਂ ਖਿੜਕੀਆਂ ਨਹੀਂ ਲਵਾਈਆਂ ਕਿ ਕਿਤੇ ਤੁਸੀਂ ਡਿੱਗ ਨਾ ਪਓ। ਪਰ, ਤੁਸੀਂ ਬੈਂਚ ਤੋਂ ਵੀ ਡਿੱਗ ਸਕਦੇ ਹੋ ਇਸ ਲਈ ਮੈਂ ਤੁਹਾਨੂੰ ਖ਼ਬਰਦਾਰ ਕਰ ਦਿੰਦਾ ਹਾਂ। ...'' [5]ਯੂਨਾਨੀ ਸ਼ਬਦ ਦਾ ਅਨੁਵਾਦ ''ਨੀਂਦ'' ਓਸੇ ਸ਼ਬਦ ਤੋਂ ਨਿੱਕਲਿਆ ਹੈ ਜਿਸ ਤੋਂ ਹਿਪਨੋਸਿਸ ''ਸੰਮੋਹਨ'' ਨਿੱਕਲਿਆ ਹੈ। [6]ਵਾਕ ਵਿਚ ਵਰਤੇ ਗਏ ਕਾਲ ਤੋਂ ਸੰਕੇਤ ਮਿਲਦਾ ਹੈ ਕਿ ਉਹ ਓਂਘਲਾ ਰਿਹਾ ਸੀ। [7]ਕਈਆਂ ਦਾ ਮੰਨਣਾ ਹੈ ਨਾਂਅ ਤੋਂ ਸੰਕੇਤ ਮਿਲਦਾ ਹੈ ਕਿ ਉਹ ਅਜ਼ਾਦ ਹੋਇਆ ਇਕ ਗੁਲਾਮ ਸੀ। [8]ਕਈਆਂ ਦਾ ਸੁਝਾਅ ਹੈ ਕਿ ਨੀਂਦ ਦਾ ਝੋਕਾ ਆਉਣ ਤੇ ਉਹਨੇ ਤਾਜ਼ੀ ਹਵਾ ਲੈਣ ਲਈ ਖਿੜਕੀ ਵਿੱਚੋਂ ਦੀ ਮੂੰਹ ਬਾਹਰ ਕੱਢ ਲਿਆ। [9]ਅੱਧੇ ਹਸਾਉਣ ਵਾਲੇ ਅਤੇ ਅੱਧੇ ਕੁ ਗੰਭੀਰ ''ਮਰਫ਼ੀ ਦੇ ਨਿਯਮ'' ਤੋਂ ਨਾਵਾਕਫ਼ ਲੋਕਾਂ ਲਈ ਇਹ ''ਨਿਯਮ'' ਸਿਰਫ਼ ਇਹੀ ਐਲਾਣ ਕਰਦਾ ਹੈ ਕਿ ''ਹੋਣੀ ਨੂੰ ਟਾਲਿਆ ਨਹੀਂ ਜਾ ਸਕਦਾ।'' [10]ਉਹਨੂੰ ਪਤਾ ਸੀ ਕਿ ਉਹ ਮੁੰਡੇ ਨੂੰ ਜ਼ਿੰਦਾ ਕਰ ਸਕਦਾ ਹੈ, ਇਸ ਲਈ ਦੂਜਿਆਂ ਵਾਂਗ ਉਹ ਘਬਰਾਇਆ ਨਹੀਂ ਹੋਵੇਗਾ।

[11]ਉਹ ਜਵਾਨ ਮਰਿਆ ਸੀ ਜਾਂ ਨਹੀਂ, ਤਾਂ ਵੀ ਉੱਥੇ ਇਕ ਵੱਡਾ ਮੋਅਜਜ਼ਾ ਹੋਇਆ ਸੀ, ਜੀ ਉੱਠਣ ਦਾ ਨਹੀਂ ਤਾਂ ਚੰਗਾਈ ਦਾ ਮੋਅਜਜ਼ਾ ਤਾਂ ਹੋਇਆ ਹੀ ਸੀ। ਪਰ ਲਿਖਤ ਤੋਂ ਸਾਫ਼ ਪਤਾ ਲਗਦਾ ਹੈ ਕਿ ਮੁੰਡੇ ਨੂੰ ਮੁਰਦਿਆਂ 'ਚੋਂ ਜ਼ਿੰਦਾ ਕੀਤਾ ਗਿਆ ਸੀ। ਇਹ ਪਤਰਸ ਅਤੇ ਪੌਲੁਸ ਦੀ ਸੇਵਕਾਈ ਵਿਚਲੀਆਂ ਬਹੁਤ ਸਾਰੀਆਂ ਸਮਾਨਤਾਵਾਂ ਵਿੱਚੋਂ ਇਕ ਹੈ: ਪਤਰਸ ਨੇ ਦੋਰਕਸ ਨੂੰ ਮੁਰਦਿਆਂ ਵਿੱਚੋਂ ਜਿਵਾਇਆ ਸੀ (ਰਸੂਲਾਂ ਦੇ ਕੰਮ 9) ਅਤੇ ਪੌਲੁਸ ਨੇ ਯੂਤਖੁਸ ਨੂੰ। [12]ਇਸ ਉਦਾਹਰਣ ਦੀ ਥਾਂ ਤੁਸੀਂ ਕੋਈ ਆਪਬੀਤੀ ਵੀ ਦੱਸ ਸਕਦੇ ਹੋ। [13]''ਲੰਮਾ'' ਸ਼ਬਦ ਸਮਝਾਉਣ ਲਈ ਹੈ। ਕਿਸੇ ਉਪਦੇਸ਼ ਨੂੰ ਕਿਸੇ ਇਕ ਇਲਾਕੇ ਲਈ ਲੰਮਾ ਕੀਤਾ ਜਾ ਸਕਦਾ ਹੈ ਅਤੇ ਕਿਸੇ ਹੋਰ ਲਈ ਉਹੀ ਛੋਟਾ ਲਗ ਸਕਦਾ ਹੈ। ਇਸੇ ਤਰ੍ਹਾਂ ਛੋਟਾ ਉਪਦੇਸ਼ ਕਿਤੇ ਲੰਮਾ ਅਤੇ ਕਿਤੇ ਛੋਟਾ ਲਗ ਸਕਦਾ ਹੈ। ''ਲੰਮੇ'' ਤੋਂ ਮੇਰਾ ਭਾਵ ਇਹ ਹੈ ਕਿ ਸੁਣਨ ਵਾਲਿਆਂ ਨੂੰ ਧਿਆਨ ਵਿਚ ਰੱਖ ਕੇ ਦੱਸਿਆ ਜਾ ਸਕਦਾ ਹੈ ਕਿ ਉਨ੍ਹਾਂ ਲਈ ਲੰਮੇ ਉਪਦੇਸ਼ ਤੋਂ ਕੀ ਭਾਵ ਹੈ। [14]ਕਲੇਰੈਂਸ ਜੌਰਡਨ, *ਦ ਕੌਟਨ ਪੈਚ ਵਰਜ਼ਨ ਅਫ਼ ਲੂਕ ਐਂਡ ਐਕਟਸ* (ਕਲਿੰਟਨ, ਨਿਊਜਰਸੀ: ਨਿਊ ਵਿਨ ਪਬਲਿਸ਼ਿੰਗ ਕੰ., 1969), 139. [15]*ਟਰੁੱਥ ਫ਼ਾਰ ਟੁਡੇ* ਦੀ ਕਿਤਾਬ''ਰਸੂਲਾਂ ਦੇ ਕੰਮ, 1'' ਦੀ ਅਰਥਾਵਲੀ ਵਿਚ ਵੇਖੋ ''ਕਲੀਸੀਆ।''

© 2009 Truth for Today